**ਵਿਸਾ:-  ਸਿਹਤ ਵਿਭਾਗ ਪੰਜਾਬ ਵਿੱਚ ਨਵੇਂ ਸਟਾਫ ਦੀ ਲੋੜ ।**

**1. ਪਹਿਲਾਂ ਕੀਤੀ ਗਈ ਭਰਤੀ :**

ਸਿਹਤ ਵਿਭਾਗ ਪੰਜਾਬ ਵਿੱਚ ਪਿਛਲੇ 10 ਸਾਲਾਂ ਵਿੱਚ ਕੋਈ ਖਾਸ ਭਰਤੀ ਨਹੀਂ ਹੋਈ ਹੈ, ਜਿਸ ਕਰਕੇ ਡਾਕਟਰ ਅਤੇ ਹੋਰ ਪੈਰਾ ਮੈਡੀਕਲ ਸਟਾਫ ਜਿਵੇਂ ਕਿ ਸਟਾਫ ਨਰਸ, ਰੇਡੀਓਗ੍ਰਾਫਰ ਅਤੇ ਲਬਾਟਰੀ ਟੇਕਨੀਸੀਅਨ ਆਦਿ ਦੀ ਘਾਟ ਹੋ ਗਈ ਹੈ। ਇੱਕ ਪਾਸੇ ਸਾਲ 1998 ਤੋਂ ਬਾਦ ਵਿਸਵ ਬੈਂਕ ਦੇ 350 ਕਰੋੜ ਰੁਪਏ ਦੇ ਪ੍ਰੋਜੈਕਟ ਨਾਲ ਸਿਹਤ ਸੰਸਥਾਵਾਂ ਨੂੰ ਅਪਗਰੇਡ ਕੀਤਾ ਗਿਆ ਅਤੇ ਮਹਿੰਗੇ ਇਕਯੂਪਮੈਂਟਸ ਖਰੀਦੇ ਗਏ, ਪਰ ਦੂਜੇ ਪਾਸੇ 1998 ਤੋਂ ਬਾਦ ਕੋਈ ਵੀ ਡਾਕਟਰ ਭਰਤੀ ਨਹੀਂ ਕੀਤਾ ਗਿਆ। ਇਸ ਤੋਂ ਬਾਦ ਪਹਿਲੀ ਭਰਤੀ 11 ਸਾਲ ਬਾਦ ਸਾਲ 2009 ਵਿੱਚ ਹੋਈ ਸੀ। ਪਿਛਲੇ ਸਾਲਾਂ ਵਿੱਚ ਜੋ ਭਰਤੀ ਕੀਤੀ ਗਈ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ :-

| ਲੜੀ ਨੰ: | ਸਾਲ | ਕੈਟਾਗਿਰੀ | ਆਸਾਮੀਆਂ ਦੀ ਗਿਣਤੀ |
|---|---|---|---|
| (1) | 2006 | ਸਟਾਫ ਨਰਸ | 452 |
| (2) | 2006 | ਰੇਡਿਓਗ੍ਰਾਫਰ | 92 |
| (3) | 2006 | ਲਬਾਰਟਰੀ ਟੈਕਨੀਸੀਅਨ | 28 |
| (4) | 2006 | ਡਰਾਈਵਰ | 101 |
| (5) | 2006 | ਅਪਰੇਸਨ ਥੀਏਟਰ ਐਸਿਸਟੈਂਟ | 1 |
| (6) | 2006 | ਅਪਥਾਲਮਿਕ ਅਫਸਰ | 2 |

**2. ਮੌਜੂਦਾ ਸਰਕਾਰ ਦੇ ਸਮੇਂ ਵਿੱਚ ਕੀਤੀ ਗਈ ਭਰਤੀ :**

ਮੌਜੂਦਾ ਸਰਕਾਰ ਦੇ ਸਮੇਂ ਹੇਠ ਲਿਖੀ ਭਰਤੀ ਕੀਤੀ ਗਈ :-

| ਲੜੀ ਨੰ: | ਸਾਲ | ਕੈਟਾਗਿਰੀ | ਆਸਾਮੀਆਂ ਦੀ ਗਿਣਤੀ |
|---|---|---|---|
| (1) | 2008 | ਮੈਡੀਕਲ ਅਫਸਰ | 100 |
| (2) | 2009 | ਮੈਡੀਕਲ ਅਫਸਰ | 212 |

| | | | |
|---|---|---|---|
| (3) | 2011 | ਮੈਡੀਕਲ ਅਫਸਰ | 214 |
| (4) | 2011 | ਮੈਡੀਕਲ ਅਫਸਰ (ਡੈਂਟਲ) | 34 |
| (5) | 2010 | ਮੈਡੀਕਲ ਅਫਸਰ ਸਪੈਸਲਿਸਟ | 98 |
| (6) | 2010 | ਸਟਾਫ ਨਰਸਾਂ | 356 |
| (7) | 2009 | ਐਨਾਲਿਸਟ | 11 |
| (8) | 2007-08 | ਡਰੱਗ ਇੰਸਪੈਕਟਰ | 12 |
| (9) | 2007 | ਏ.ਐਨ.ਐਮ | 190 |

ਇਨ੍ਹਾਂ ਤੋਂ ਇਲਾਵਾ 580 ਆਸਾਮੀਆਂ ਹੋਰ ਮੰਨਜੂਰ ਕੀਤੀਆਂ ਗਈਆਂ ਹਨ। ਇਨ੍ਹਾਂ ਦੀ ਭਰਤੀ ਅਜੇ ਕੀਤੀ ਜਾਣੀ ਹੈ।

-2-

**3. ਹੋਰ ਸਟਾਫ ਦੀ ਲੋੜ :**

ਸਾਲ 2005-06 ਤੋਂ ਐਨ.ਆਰ.ਐਚ.ਐਮ. ਸਕੀਮ ਲਾਗੂ ਹੋਈ ਸੀ। ਇਸ ਤੇ ਲਗਭਗ 300 ਕਰੋੜ ਰੁਪਏ ਪ੍ਰਾਪਤ ਹੋਏ ਸਨ। ਇਹ ਫੰਡਜ ਜਿਆਦਾ ਕਰਕੇ ਇਸ ਕੰਪੋਨੈਂਟ ਦੇ ਮੁਲਾਜਮਾਂ ਨੂੰ ਤਨਖਾਹਾਂ ਦੇਣ ਲਈ, ਰਿਪੇਅਰ ਅਤੇ ਰੈਨੋਵੇਸਨ ਕਰਨ ਲਈ, ਦਵਾਈਆਂ ਅਤੇ ਮਸੀਨਰੀ ਅਤੇ ਇੰਕਯੂਮੈਂਟ ਆਦਿ ਖਰੀਦਣ ਸਬੰਧੀ ਸਨ। ਇਸ ਸਕੀਮ ਦੇ ਤਹਿਤ ਵੀ ਪੰਜਾਬ ਸਰਕਾਰ ਵਚਨਬੱਧ ਹੈ ਕਿ ਲੋੜੀਂਦਾ ਸਟਾਫ ਸਬ ਸੈਂਟਰ ਤੋਂ ਲੈ ਕੇ ਜਿਲ੍ਹਾ ਹਸਪਤਾਲ ਤੱਕ ਮੁਹੱਈਆ ਕਰਵਾਇਆ ਜਾਵੇ।

**4. ਕੋਰ ਪਲਾਨ :**

ਇਸ ਤੋਂ ਇਲਾਵਾ ਮਾਨਯੋਗ ਮੁੱਖ ਮੰਤਰੀ ਜੀ ਨੇ 380 ਕਰੋੜ ਰੁਪਏ ਦੀ ਕੋਰ ਪਲਾਨ ਮੰਨਜੂਰ ਕੀਤੀ ਹੈ, ਜਿਸ ਵਿੱਚ ਇੱਕ ਜਿਲ੍ਹਾ ਹਸਪਤਾਲ ਦੀ ਨਵੀਂ ਬਿਲਡਿੰਗ ਬਨਾਉਣਾ, 3 ਜਿਲ੍ਹਾ ਹਸਪਤਾਲਾਂ ਨੂੰ 50 ਬੈਂਡ ਤੋਂ 100 ਬੈਂਡ ਤੱਕ ਅਪਗਰੇਡੇਸਨ, 8 ਨਵੇਂ ਸਬ ਡਵੀਜਨਲ ਹਸਪਤਾਲ ਅਤੇ 35 ਕਮਿਊਨਿਟੀ ਹੈਲਥ ਸੈਂਟਰ ਬਣਾਏ ਜਾ ਰਹੇ ਹਨ, ਇਨ੍ਹਾਂ ਲਈ ਵੀ ਲੋੜੀਂਦੇ ਸਟਾਫ ਦੀ ਜਰੂਰਤ ਹੈ। ਜਦੋਂ ਤੱਕ ਡਾਕਟਰ, ਪੈਰਾ-

ਮੈਡੀਕਲ ਸਟਾਫ ਸਹੀ ਗਿਣਤੀ ਵਿੱਚ ਹਸਪਤਾਲਾਂ ਵਿੱਚ ਨਹੀਂ ਹੋਣਗੇ, ਤੱਦ ਤੱਕ ਮਸੀਨਰੀ ਇਕਯੂਪਮੈਂਟ, ਦਵਾਈਆਂ ਅਤੇ ਬਿਲਡਿੰਗਾਂ ਆਦਿ ਬਨਾਉਣ ਦਾ ਕੋਈ ਫਾਇਦਾ ਨਹੀਂ ਹੋਵੇਗਾ। ਇਸ ਲਈ ਜਰੂਰਤ ਹੈ ਕਿ ਲੋੜੀਂਦਾ ਸਟਾਫ ਮੁਹੱਈਆਂ ਕਰਵਾਇਆ ਜਾਵੇ।

**5. ਨਵੇਂ ਸਟਾਫ ਦੀ ਲੋੜ:**

ਸਾਡੇ ਵਲੋਂ ਸਿਹਤ ਵਿਭਾਗ ਦੇ ਵੱਖ ਵੱਖ ਹਸਪਤਾਲਾਂ ਦੇ ਪੱਧਰ ਤੇ ਸਟਾਫ ਦੀ ਪੁਜੀਸਨ ਰਿਵਯੂ ਕੀਤੀ ਗਈ। ਉਥੇ ਦੋ ਤਰ੍ਹਾਂ ਦੀਆਂ ਪੋਸਟਾਂ ਦੀ ਲੋੜ ਹੈ। ਇੱਕ ਪੋਸਟਾਂ ਉਹ ਹਨ ਜੋ ਪਹਿਲਾਂ ਮੰਨਜੂਰ ਹਨ, ਪ੍ਰੰਤੂ ਕਈ ਸਾਲਾਂ ਤੋਂ ਖਾਲੀ ਹੋਣ ਕਰਕੇ ਵਿੱਤ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਖਤਮ ਸਮਝੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਹੈ। ਦੂਜੀਆਂ ਪੋਸਟਾਂ ਉਹ ਹਨ, ਜਿਥੇ ਲੋੜ ਹੈ, ਉਥੇ ਪੋਸਟਾਂ ਮੰਨਜੂਰ ਨਹੀਂ ਹਨ, ਉਨ੍ਹਾਂ ਨੂੰ ਮੰਨਜੂਰ ਕਰਾਉਣਾ। ਸਾਰੀਆਂ ਪੋਸਟਾਂ ਦਾ ਵੇਰਵਾ ਇਸ ਪ੍ਰਕਾਰ ਹੈ :-

(1) **ਪਹਿਲੀਆਂ ਪੋਸਟਾਂ ਜੋ ਮੰਨਜੂਰ ਹਨ, ਉਨ੍ਹਾਂ ਨੂੰ ਦੁਬਾਰਾ ਰਿਵਾਇਵ ਕਰਾਉਣਾ :** ਇਹ ਸਾਰੀਆਂ ਪੋਸਟਾਂ **ਅਨੁਲੱਗ-1** ਵਿੱਚ ਵਿਖਾਈਆਂ ਗਈਆਂ ਹਨ। ਲਗਭਗ 1548 ਪੋਸਟਾਂ ਰਿਵਾਇਵ ਹੋਣ ਵਾਲੀਆਂ ਹਨ, ਜਿਨ੍ਹਾਂ ਵਿੱਚ 655 ਡਾਕਟਰ, 542 ਪੈਰਾ ਮੈਡੀਕਲ ਸਟਾਫ ਅਤੇ 351 ਮਨੀਸਟਰੀਅਲ ਸਟਾਫ ਦੀਆਂ ਆਸਾਮੀਆਂ ਹਨ।

(2) **ਡੀ.ਐਚ.ਐਸ. ਅਤੇ ਸਿਵਲ ਸਰਜਨ ਦਫਤਰਾਂ ਲਈ ਨਵੀਂ ਆਸਾਮੀਆਂ ਮੰਨਜੂਰ ਕਰਾਉਣਾ:** ਡੀ.ਐਚ.ਐਸ. ਦਫਤਰ ਅਤੇ ਸਿਵਲ ਸਰਜਨ ਦਫਤਰਾਂ ਲਈ ਨਵੀਆਂ ਆਸਾਮੀਆਂ ਮੰਨਜੂਰ ਕਰਾਉਣ ਲਈ ਗਿਣਤੀ 199 ਹੈ, ਜੋ **ਅਨੁਲੱਗ-2** ਤੇ ਵਿਖਾਈ ਗਈ ਹੈ।

(3) **ਪ੍ਰਾਈਮਰੀ ਹੈਲਥ ਸੈਂਟਰਾਂ ਲਈ ਨਵੀਆਂ ਆਸਾਮੀਆਂ :** ਪ੍ਰਾਈਮਰੀ ਹੈਲਥ ਸੈਂਟਰਾਂ ਵਿੱਚ ਕੁਝ ਇਸ ਤਰ੍ਹਾਂ ਦੀਆਂ ਆਸਾਮੀਆਂ ਹਨ, ਜਿਨ੍ਹਾਂ ਦੀ ਉਥੇ ਲੋੜ ਨਹੀਂ ਹੈ, ਜਿਵੇਂ ਕਿ ਕੁਝ ਬਲਾਕ ਪ੍ਰਾਈਮਰੀ ਹੈਲਥ ਸੈਂਟਰਾਂ ਵਿੱਚ 26 ਡੈਂਟਲ ਡਾਕਟਰ, 22 ਨਰਸਿੰਗ ਸਿਸਟਰ, 67 ਸਟਾਫ ਨਰਸਾਂ

ਅਤੇ 2● ਰੇਡੀਓਗ੍ਰਾਫਰ ਦੀਆਂ ਆਸਾਮੀਆਂ ਮੰਨਜੂਰ ਹਨ। ਪ੍ਰੰਤੂ ਹੁਣ ਪੰਜਾਬ ਰਾਜ ਵਿੱਚ ਕਮਿਊਨਿਟੀ ਹੈਲਥ ਸੈਂਟਰਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਪੀ.ਐਚ.ਸੀ. ਵਿੱਚ ਇਨ੍ਹਾਂ ਆਸਾਮੀਆਂ ਦੀ ਉਪਯੋਗਤਾ ਨਹੀਂ ਹੈ। ਇਨ੍ਹਾਂ ਪ੍ਰਾਈਮਰੀ ਹੈਲਥ ਸੈਂਟਰਾਂ ਵਿੱਚ 158 ਆਸਾਮੀਆਂ ਸਰਪਸਲੱਸ ਹਨ, ਜਿਨ੍ਹਾਂ ਨੂੰ ਸਰੰਡਰ ਕਰਕੇ ਕਮਿਊਨਿਟੀ ਹੈਲਥ ਸੈਂਟਰ ਜਾਂ ਵੱਡੇ ਹਸਪਤਾਲਾਂ ਵਿੱਚ ਸਿਫਟ ਕੀਤਾ ਜਾ ਸਕਦਾ ਹੈ। ਇਨ੍ਹਾਂ ਦਾ ਵੇਰਵਾ **ਅਨੁਲੱਗ**-3 ਤੇ ਵਿਖਾਇਆ ਗਿਆ ਹੈ।

(4) **ਪੰਜਾਬ ਏਡਜ ਕੰਟਰੋਲ ਸੁਸਾਇਟੀ ਅਤੇ ਟਰੋਮਾ ਸੈਂਟਰਾਂ ਲਈ ਨਵੀਆਂ ਆਸਾਮੀਆਂ ਮੰਨਜੂਰ ਕਰਾਉਣਾ** : ਇਨ੍ਹਾਂ ਲਈ 115 ਆਸਾਮੀਆਂ ਦੀ ਲੋੜ ਹੈ, ਜੋ **ਅਨੁਲੱਗ**-4 ਤੇ ਵਿਖਾਈਆਂ ਗਈਆਂ ਹਨ।

(5) **ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ ਦੀਆਂ ਮੌਜੂਦਾ ਸੰਸਥਾਵਾਂ ਲਈ ਲੋੜੀਂਦਾ ਸਟਾਫ** : ਜਿਲ੍ਹਾ ਹਸਪਤਾਲ, ਸਬ ਡਵੀਜਨਲ ਹਸਪਤਾਲ, ਅਤੇ ਸੀ.ਐਚ.ਸੀ. ਲਈ ਥੋੜੇ-ਬਹੁਤੇ ਸਪੈਸਲਿਸਟ ਡਾਕਟਰ ਅਤੇ ਐਮ.ਬੀ.ਬੀ.ਐਸ. ਡਾਕਟਰਾਂ ਦੀ ਲੋੜ ਹੈ। ਇਨ੍ਹਾਂ ਸੰਸਥਾਵਾਂ ਲਈ 217 ਆਸਾਮੀਆਂ ਡਾਕਟਰਾਂ ਦੀਆਂ, 9●1 ਆਸਾਮੀਆਂ ਪੈਰਾ-ਮੈਡੀਕਲ ਸਟਾਫ ਅਤੇ 182 ਆਸਾਮੀਆਂ ਪ੍ਰਬੰਧਕੀ ਸਟਾਫ ਦੀ ਲੋੜ ਹੈ। ਇਸ ਤਰ੍ਹਾਂ ਕੁੱਲ 13●● ਆਸਾਮੀਆਂ ਦੀ ਲੋੜ ਹੈ। ਇਸ ਸਬੰਧ ਵਿੱਚ ਵੇਰਵਾ **ਅਨੁਲੱਗ**-5 ਤੇ ਦਿੱਤਾ ਗਿਆ ਹੈ।

(6) **ਨਵੀਆਂ ਸੰਸਥਾਵਾਂ ਲਈ ਸਟਾਫ** : ਕੋਰ ਪਲਾਨ ਵਿੱਚ ਨਵੇਂ ਜਿਲ੍ਹਾ ਹਸਪਤਾਲ, ਸਬ ਡਵੀਜਨਲ ਹਸਪਤਾਲ ਅਤੇ ਕਮਿਊਨਿਟੀ ਹੈਲਥ ਸੈਂਟਰ ਬਣ ਰਹੇ ਹਨ, ਉਨ੍ਹਾਂ ਲਈ ਵੀ ਹੇਠ ਲਿਖੇ ਅਨੁਸਾਰ ਸਟਾਫ ਦੀ ਲੋੜ ਹੈ :-

- ਐਸ.ਐਮ.ਓ. - 2●
- ਮੈਡੀਕਲ ਅਫਸਰ (ਐਮ.ਬੀ.ਬੀ.ਐਸ)- 6
- ਸਪੈਸਲਿਸਟ ਡਾਕਟਰ - 17●

- ਡੈਂਟਲ ਡਾਕਟਰ - 19
- ਪੈਰਾ ਮੈਡੀਕਲ ਸਟਾਫ - 4●2
- ਪ੍ਰਬੰਧਕੀ ਸਟਾਫ - 754

**ਕੁੱਲ** - **1371**

ਇਨ੍ਹਾਂ 42 ਨਵੀਂ ਸੰਸਥਾਵਾਂ ਲਈ 1371 ਆਸਾਮੀਆਂ ਦੇ ਸਟਾਫ ਦੀ ਲੋੜ ਹੈ, ਜਿਨ੍ਹਾਂ ਦਾ ਵੇਰਵਾ **ਅਨੁਲੱਗ**- **6** ਤੇ ਦਿੱਤਾ ਗਿਆ ਹੈ।



(7) **ਨਵੀਆਂ ਸੰਸਥਾਵਾਂ** : ਪੰਜਾਬ ਰਾਜ ਵਿੱਚ ਨਵੇਂ ਜੰਮੇ ਬੱਚਿਆਂ ਲਈ ਆਈ.ਸੀ.ਯੂ. ਜਿਸ ਨੂੰ "ਸਪੈਸਲ ਕੇਅਰ ਨਿਊ ਬੋਰਨ ਯੂਨਿਟ" ਕਹਿੰਦੇ ਹਨ, ਸਥਾਪਿਤ ਕੀਤੇ ਜਾਣੇ ਹਨ। ਐਨ.ਆਰ.ਐਚ.ਐਮ. ਦੀ ਹਦਾਇਤਾਂ ਅਨੁਸਾਰ ਇਹ ਯੂਨਿਟ ਸਾਰੇ ਜਿਲ੍ਹਾ ਹਸਪਤਾਲਾਂ ਵਿੱਚ ਲਗਾਏ ਜਾ ਰਹੇ ਹਨ। ਇਸ ਸਾਲ ਇਹ ਯੂਨਿਟ 1● ਹਸਪਤਾਲਾਂ ਵਿੱਚ ਲਗਾਏ ਜਾਣੇ ਹਨ। ਪ੍ਰੰਤੂ ਇਹ ਯੂਨਿਟ ਸਾਰੇ 2● ਜਿਲ੍ਹਾ ਹਸਪਤਾਲਾਂ ਵਿੱਚ ਹੀ ਲਗਾਏ ਜਾਣੇ ਹਨ।

ਇਸ ਤਰ੍ਹਾਂ ਸਾਰੇ ਜਿਲ੍ਹਾ ਹਸਪਤਾਲਾਂ ਵਿੱਚ ਇੱਕ ਇੱਕ ਆਈ.ਸੀ.ਯੂ. ਲਗਾਉਣਾ ਹੈ, ਜਿਨ੍ਹਾਂ ਲਈ 6● ਐਨਸਥੀਸੀਆ ਡਾਕਟਰ ਅਤੇ 2●● ਸਟਾਫ ਨਰਸ ਦੀ ਲੋੜ ਹੈ।

ਸਾਰੇ ਜਿਲ੍ਹਾ ਹਸਪਤਾਲਾਂ ਵਿੱਚ ਮਿਤੀ 29-2-2●12 ਤੱਕ ਡਰੱਗ ਡੀ ਅਡਿਕਸਨ ਸੈਂਟਰ ਖੋਲੇ ਜਾਣੇ ਹਨ, ਉਨ੍ਹਾਂ ਲਈ ਸਟਾਫ ਦੀ ਲੋੜ ਹੈ। ਇਸ ਸਬੰਧ ਵਿੱਚ ਸਾਰੀ ਡਿਟੇਲ **ਅਨੁਲੱਗ**-7 ਤੇ ਦਿੱਤੀ ਹੋਈ ਹੈ।

(8) **ਕੁੱਲ ਜਰੂਰਤ** :ਸਿਹਤ ਵਿਭਾਗ ਵਿੱਚ ਕੈਟਾਗਿਰੀ-ਵਾਈਜ ਆਸਾਮੀਆਂ ਦਾ ਮੁੜ ਸੁਰਜੀਤ ਕਰਨਾ, ਨਵੀਆਂ ਆਸਾਮੀਆਂ ਦੀ ਰਚਨਾ ਕਰਨਾ ਆਦਿ ਦਾ ਕੁੱਲ ਵੇਰਵਾ **ਅਨੁਲੱਗ-ਟੋਟਲ** ਤੇ ਦਰਸਾਇਆ ਗਿਆ ਹੈ, ਜਿਸ ਦਾ ਸੰਖੇਪ ਵਿੱਚ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਕੈਟਾਗਰੀ | ਮੁੜ ਸੁਰਜੀਤ ਕਰਨ ਵਾਲੀ ਆਸਾਮੀਆਂ | ਨਵੀਆਂ ਰਚਨ ਵਾਲੀਆਂ ਆਸਾਮੀਆਂ | ਕੁੱਲ ਆਸਾਮੀਆਂ | ਸਾਲਾਨਾ ਵਿੱਤੀ ਬੋਝ (ਕਰੋੜਾਂ ਰੁਪਏ ਵਿੱਚ) | ਵਿਸੇਸ ਕਥਨ |
|---|---|---|---|---|---|---|
| 1. | ਪ੍ਰੋਮੋਸਨ | - | 74 | 74 | 3.4● | ਆਸਾਮੀਆਂ ਮੰਨਜੂਰ ਹੋਣ ਤੋਂ ਬਾਦ ਤਰੱਕੀ ਰਾਹੀਂ ਭਰੀਆਂ ਜਾਣਗੀਆਂ |
| 2. | ਭਰਤੀ ਦੀ ਲੋੜ ਨਹੀਂ | - | 742 | 742 | 12.56 | ਇਹ ਉਹ ਪੋਸਟਾਂ ਹਨ ਜਿਨ੍ਹਾਂ ਨੂੰ ਮੰਨਜੂਰ ਕਰਾਉਣ ਦੀ ਲੋੜ ਹੈ ਪ੍ਰੰਤੂ ਭਰਤੀ ਕਰਨ ਦੀ ਲੋੜ ਨਹੀਂ ਹੈ। ਕਿਉਂਕਿ ਪਹਿਲਾਂ ਹੀ ਮਹਿਕਮੇ ਕੋਲ ਫਾਰਮਾਸਿਸਟ ਅਤੇ ਦਰਜਾ-4 ਕਰਮਚਾਰੀ ਉਪਲਬੱਧ ਹਨ। |
| 3. | ਆਊਟ ਸੋਰਸ ਰਾਹੀਂ | - | 4●4 | 4●4 | 5.81 | ਇਹ 4●4 ਆਸਾਮੀਆਂ ( 324 ਸਫਾਈ ਸੇਵਕ, 2● ਕੁੱਕ, ਅਤੇ 6● ਸੁਰਖਿਆ ਗਾਰਡ) ਹਨ, ਜੋ ਆਊਟ ਸੋਰਸ ਰਾਹੀਂ ਭਰੀਆਂ ਜਾਣੀਆਂ ਹਨ। |
| 4. | ਸਿੱਧੀ ਭਰਤੀ | 1376 | 3●12 | 4388 | 138.31 | ਇਹ ਆਸਾਮੀਆਂ ਮੰਨਜੂਰ ਹੋਣ ਤੋਂ ਬਾਦ ਸਿੱਧੀ ਭਰਤੀ ਰਾਹੀਂ ਭਰੀਆਂ ਜਾਣਗੀਆਂ। |
| | **ਕੁੱਲ** | **1376** | **4232** | **56●8** | **147.52** | |

56●8 ਆਸਾਮੀਆਂ ਵਿਚੋ 829 ਆਸਾਮੀਆਂ ਪਹਿਲਾਂ ਹੀ ਰਿਵਾਇਵ/ਮੰਨਜੂਰ ਹੋ ਚੁੱਕੀਆਂ ਹਨ। ਇਸ ਤਰ੍ਹਾਂ ਹੁਣ ਸਿਰਫ 4753 ਪੋਸਟਾਂ ਦੀ ਲੋੜ ਹੈ, ਜਿਨ੍ਹਾਂ ਵਿਚੋਂ ਮੁੜ ਸੁਰਜੀਤ ਲਈ 1●58 ਅਤੇ ਨਵੀਂ ਮੰਨਜੂਰੀ ਲਈ 3695 ਆਸਾਮੀਆਂ ਜਿਨ੍ਹਾਂ ਤੇ ਕੁੱਲ ਸਾਲਾਨਾ ਵਿੱਤੀ

ਬੋਝ 113 ਕਰੋੜ ਰੁਪਏ ਬਣਦਾ ਹੈ। ਇਸ ਲਈ ਜਰੂਰੀ ਹੈ ਕਿ 1●58 ਆਸਾਮੀਆਂ ਮੁੜ ਸੁਰਜੀਤ ਅਤੇ 3695 ਆਸਾਮੀਆਂ ਨਵੀਆਂ ਮੰਨਜੂਰ ਹੋਣੀਆਂ ਚਾਹੀਦੀਆਂ ਹਨ।

6. ਨਵੀਆਂ ਆਸਾਮੀਆਂ ਨੂੰ ਮੁੜ ਸੁਰਜੀਤ ਅਤੇ ਮੰਨਜੂਰ ਕਰਨ ਲਈ ਕੇਸ ਆਫੀਸਰ ਕਮੇਟੀ ਦੇ ਰਾਹੀਂ ਕੈਬਨਿਟ ਕੋਲ ਜਾਵੇਗਾ। ਪ੍ਰੰਤੂ ਸਮੇਂ ਦੀ ਘਾਟ ਹੋਣ ਕਾਰਨ ਹੇਠ ਲਿਖੇ ਅਨੁਸਾਰ ਸੁਝਾਓ ਦਿੱਤਾ ਜਾਂਦਾ ਹੈ:-

(ੳ) **ਡਾਕਟਰ :** ਕੁੱਲ 574 ਨਵੇਂ ਮੈਡੀਕਲ ਸਪੈਸਲਿਸਟ, 5●● ਨਵੇਂ ਮੈਡੀਕਲ ਅਫਸਰ (ਐਮ.ਬੀ.ਬੀ.ਐਸ.) ਅਤੇ 14● ਡੈਂਟਲ ਡਾਕਟਰ ਭਰਤੀ ਕਰਨ ਲਈ ਤੁਰੰਤ ਇਸਤਿਹਾਰ ਦੇ ਦੇਣਾ ਚਾਹੀਦਾ ਹੈ ਅਤੇ ਨਾਲ ਇਹ ਵੀ ਲਿੱਖ ਦੇਣਾ ਚਾਹੀਦਾ ਹੈ ਕਿ ਜੇਕਰ 574

ਸਪੈਸਲਿਸਟ ਡਾਕਟਰਾਂ ਵਿਚੋਂ ਸਾਰੇ ਸਪੈਸਲਿਸਟ ਡਾਕਟਰ ਉਪਬਲੱਧ ਨਾ ਹੋਏ ਤਾਂ ਸਪੈਸਲਿਸਟ ਡਾਕਟਰਾਂ ਦੇ ਵਿਰੁੱਧ ਮੈਡੀਕਲ ਅਫਸਰ (ਐਮ.ਬੀ.ਬੀ.ਐਸ) ਡਾਕਟਰ ਰੱਖ ਲਏ ਜਾਣ, ਕਿਉਂਕਿ ਇੰਨੇ ਸਪੈਸਲਿਸਟ ਡਾਕਟਰ ਮਿਲਣ ਦੀ ਆਸ ਵੀ ਨਹੀਂ ਹੈ। ਇਸ ਸਬੰਧ ਵਿੱਚ ਪੋਸਟਾਂ ਪੀ.ਪੀ.ਐਸ.ਸੀ. ਦੇ ਅਧਿਕਾਰ ਖੇਤਰ ਵਿਚੋਂ ਕੱਢ ਕੇ ਇਮਤਿਹਾਨ ਪੀ.ਜੀ.ਆਈ. ਦੀ ਮਾਹਿਰ ਕਮੇਟੀ ਰਾਹੀਂ ਪੰਜਾਬ ਯੂਨੀਵਰਸਿਟੀ ਤੋ ਕੰਨਡਕਟ ਕਰਵਾਇਆ ਜਾ ਸਕਦਾ ਹੈ। ਇਸ ਲਈ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਸ ਦੀ ਪ੍ਰਵਾਨਗੀ ਦੇਣ ਦੀ ਖੇਚਲ ਕਰਨ ਅਤੇ ਇਸ ਸਬੰਧ ਵਿੱਚ ਕਾਰਜ ਬਾਦ ਪ੍ਰਵਾਨਗੀ ਕੈਬਨਿਟ ਤੋਂ ਬਾਦ ਵਿੱਚ ਲੈ ਲਈ ਜਾਵੇਗੀ।

(ਅ) **ਪੈਰਾ ਮੈਡੀਕਲ ਸਟਾਫ** : ਪੈਰਾ ਮੈਡੀਕਲ ਸਟਾਫ ਦੀਆਂ 2363 ਆਸਾਮੀਆਂ ਦੀ ਲੋੜ ਹੈ। ਇਨ੍ਹਾਂ ਦਾ ਕੇਸ ਵੀ ਆਫਿਸਰ ਕਮੇਟੀ ਦੇ ਰਾਹੀਂ ਕੈਬਨਿਟ ਤੋਂ ਮੰਨਜ਼ੂਰੀ ਲੈਣ ਦੀ ਲੋੜ ਹੈ। ਪ੍ਰੰਤੂ ਇਨ੍ਹਾਂ ਵਿਚੋਂ ਜੋ ਆਸਾਮੀਆਂ ਜਿਆਦਾ ਮਹੱਤਵਪੂਰਨ ਹਨ, ਜਿਨ੍ਹਾਂ ਦੀ ਜਿਆਦਾ ਜਰੂਰਤ ਹੈ, ਉਨ੍ਹਾਂ ਦਾ ਕੇਸ ਪਹਿਲਾਂ ਹੀ ਐਸ.ਐਸ.ਐਸ.ਬੋਰਡ ਨੂੰ ਭੇਜ ਦਿੱਤਾ ਜਾਵੇ ਅਤੇ ਬਾਦ ਵਿੱਚ ਕੈਬਨਿਟ ਦੀ ਮੰਨਜੂਰੀ ਲੈ ਲਿੱਤੀ ਜਾਵੇ। ਇਹ ਕੁੱਲ ਆਸਾਮੀਆਂ 2612 ਬਣਦੀਆਂ ਹਨ, ਜਿਵੇਂ ਕਿ ਸਟਾਫ ਨਰਸਾਂ 1087, ਲਬਾਰਟਰੀ ਟੈਕਨੀਸੀਅਨ- 390, ਰੇਡੀਓਗ੍ਰਾਫਰ — 169, ਈਕੋ ਟੈਕਨੀਸੀਅਨ — 4, ਅਪਰੇਸਨ ਥੀਏਟਰ ਐਸਿਸਟੈਂਟ- 207, ਅਪਥਾਲਮਿਕ ਅਫਸਰ — 115, ਆਡਿਓ ਮੀਟਰੀ ਟੈਕਨੀਸੀਅਨ - 20 ਆਦਿ ।

-6-

(ੲ) **ਬਾਕੀ ਪ੍ਰਬੰਧਕੀ ਸਟਾਫ** : ਬਾਕੀ ਪ੍ਰਬੰਧਕੀ ਸਟਾਫ ਦੀਆਂ ਆਸਾਮੀਆਂ ਨੂੰ ਭਰਨ ਲਈ ਕੈਬਨਿਟ ਦੀ ਪ੍ਰਵਾਨਗੀ ਤੱਕ ਇੰਤਜਾਰ ਕੀਤਾ ਜਾ ਸਕਦਾ ਹੈ।

7. ਇਸ ਲਈ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਹੈ ਕਿ ਉਪਰੋਕੱਤ **"ੳ", "ਅ" ਅਤੇ "ੲ"** ਮੰਨਜੂਰ ਕਰਨ ਦੀ ਖੇਚਲ ਕਰਨ ਜੀ।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
30-5-2011

**ਪੱਧਰ**
**ਮੁੱਖ ਮੰਤਰੀ ਜੀ**

ਸਿਹਤ ਮੰਤਰੀ ਜੀ
ਮਾਨਯੋਗ ਮੁੱਖ ਮੰਤਰੀ ਜੀ